AFFILIATED TO PUNJABI UNIVERSITY, PATIALA

# S.S.D COLLEGE BARNALA

RUN BY S.D. SABHA REGD. BARNALA

Ref. No. 126/SNTC/SSD/24 Dated 23/01/2025........

## ਨੋਟਿਸ

ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 1 ਫਰਵਰੀ 2025 ਨੂੰ ਰੰਗੋਲੀ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਆਪਣਾ ਨਾਮ ਪ੍ਰੋ ਬਬਲਜੀਤ ਕੋਰ ਜਾਂ ਪ੍ਰੋ ਸੀਮਾ ਰਾਣੀ ਕੋਲ ਮਿਤੀ 28 ਜਨਵਰੀ 2025 ਤੱਕ ਦਰਜ ਕਰਵਾਉਣ ਦੀ ਸਹਾਇਤਾ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

**ਮਿਤੀ**: 1 ਫਰਵਰੀ 2025

**ਨਾਮ ਦਰਜ ਕਰਨ ਦੀ ਆਖਰੀ ਮਿਤੀ**: 28 ਜਨਵਰੀ 2025

**ਸੰਪਰਕ**: ਪ੍ਰੋ ਬਬਲਜੀਤ ਕੋਰ / ਪ੍ਰੋ ਸੀਮਾ ਰਾਣੀ

ਕ੍ਰਿਪਾ ਕਰਕੇ ਸਮੇਂ ਸਿਰ ਆਪਣੇ ਨਾਮ ਦਰਜ ਕਰਵਾਉਣ।

ਪ੍ਰਿੰਸਿਪਲ

Principal
SSD College
Barnala-148101 (Pb.)


S.S.D. College Barnala
Rangoli Competition
GPS Map Camera
Barnala, Punjab, India
9gmm+q74, Sanghera Bypass, Barnala, Punjab 148101, India
Lat 30.38429° Long 75.533651°
01/02/2025 10:39 AM GMT +05:30
Google

AFFILIATED TO PUNJABI UNIVERSITY, PATIALA

# S.S.D COLLEGE BARNALA

RUN BY S.D. SABHA REGD. BARNALA

Ref. No. 7/IQAC/SSD/24 Dated 3/02/25

## ਰੰਗੋਲੀ ਮੁਕਾਬਲੇ ਦੀ ਰਿਪੋਰਟ

ਕਾਲਜ: ਐੱਸ. ਐੱਸ. ਡੀ ਕਾਲਜ, ਬਰਨਾਲਾ

ਮਿਤੀ: 01-02-2025

ਐੱਸ. ਐੱਸ. ਡੀ ਕਾਲਜ, ਬਰਨਾਲਾ ਵਿੱਚ ਰੰਗੋਲੀ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਹ ਮੁਕਾਬਲਾ ਪ੍ਰੋ. ਬਬਲਜੀਤ ਕੌਰ ਅਤੇ ਪ੍ਰੋ. ਸੀਮਾ ਰਾਣੀ ਦੀ ਨਿਗਰਾਨੀ ਹੇਠ ਕਰਵਾਇਆ ਗਿਆ, ਜਿਸ ਵਿੱਚ 30 ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ।

ਇਸ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਰਾਕੇਸ਼ ਜਿੰਦਲ ਨੇ ਵਿਦਿਆਰਥੀਆਂ ਨੂੰ ਰੰਗਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਹਰੇਕ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਮੁਕਾਬਲੇ ਦੇ ਨਤੀਜੇ:

🏆 ਪਹਿਲਾ ਸਥਾਨ - ਤਰਨਪ੍ਰੀਤ ਸਿੰਘ (PGDCA)

🥈 ਦੂਜਾ ਸਥਾਨ - ਰਮਨਦੀਪ ਕੌਰ (BCA 1)

🥉 ਤੀਜਾ ਸਥਾਨ - ਮੋਸਮ ਕੁਮਾਰੀ (B.A. 3)

ਮੁਕਾਬਲੇ ਦੇ ਅੰਤ 'ਤੇ ਸੋਸ਼ਲ ਸਟੱਡੀ ਵਿਭਾਗ ਦੀ ਮੁਖੀ ਪ੍ਰੋ. ਹਰਪ੍ਰੀਤ ਕੌਰ ਨੇ ਮੁਕਾਬਲੇ ਦੇ ਸਫਲ ਆਯੋਜਨ ਲਈ ਸਾਰੇ ਅਧਿਆਪਕਾਂ, ਵਿਦਿਆਰਥੀਆਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

IQAC Co-ordinator
SSD College, Barnala
ਆਈ.ਕਿਊ.ਏ.ਸੀ. ਸਮਨਵਯਕ

ਪ੍ਰਿੰਸੀਪਲ
Principal
SSD College
Barnala-148101 (Pb.)

ਅੱਜ ਦੀ ਆਵਾਜ਼
epaper.ajdiawaaz.in
04 Feb 2025 - PAGE 7

ਅਜ ਨਵੀ ਦਿਲੀ ਵਿਧਾਨ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਸੰਦੀਪ ਦੀਕਸ਼ਿਤ ਸਿੰਘ ਸਿਧੂ ਪਿਛਲੇ ਦਿਨਾ ਤੋਂ ਨਵੀ ਦਿਲੀ ਵਿਧਾਨ ਸਭਾ ਹਲਕੇ ਚ ਕਾਂਗਰਸੀ ਸੰਦੀਪ ਦੀਕਸ਼ਿਤ ਦੇ ਹੱਕ 'ਚ ਫਤਵਾ ਦੇਣਗੇ।

# ਐੱਸ.ਐੱਸ.ਡੀ ਕਾਲਜ ਵਿੱਚ ਬਸੰਤ ਪੰਚਮੀ 'ਤੇ ਰੰਗੋਲੀ ਮੁਕਾਬਲੇ ਕਰਵਾਏ



**ਬਰਨਾਲਾ • ਬੰਧਨ ਤੋੜ ਸਿੰਘ**

ਸਥਾਨਿਕ ਐੱਸ.ਐੱਸ.ਡੀ ਕਾਲਜ ਵਿੱਚ ਰੰਗੋਲੀ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ ਕਾਲਜ ਦੇ 30 ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦੇ ਇੰਚਾਰਜ ਪ੍ਰੋ: ਸੀਮਾ ਰਾਣੀ ਅਤੇ ਪ੍ਰੋ: ਬਬਲਜੀਤ ਕੌਰ ਨੇ ਦੱਸਿਆ ਕਿ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੇ ਬਸੰਤ ਪੰਚਮੀ ਸਮੇਤ ਹੋਰ ਵਿਸਿਆਂ ਨਾਲ ਸਬੰਧਿਤ ਬਹੁਤ ਹੀ ਖ਼ੂਬਸੂਰਤ ਰੰਗੋਲੀਆਂ ਬਣਾਈਆਂ। ਵਿਦਿਆਰਥੀਆਂ ਨੇ ਇਹ ਰੰਗੋਲੀਆਂ ਬਣਾ ਕੇ ਸਮਾਜਿਕ ਤੌਰ 'ਤੇ ਕਈ ਤਰਾਂ ਦੇ ਸਾਰਥਿਕ ਸੰਦੇਸ਼ ਦੇਣ ਦਾ ਯਤਨ ਵੀ ਕੀਤਾ। ਐੱਸ.ਐੱਸ.ਡੀ ਕਾਲਜ ਦੇ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ ਨੇ ਇਸ ਮੁਕਾਬਲੇ ਵਿੱਚ ਬਣਾਈਆਂ ਰੰਗੋਲੀਆਂ ਦੇਖਣ ਤੋਂ ਬਾਅਦ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਦਿਆਂ ਕਿਹਾ ਕਿ ਇਹ ਕਲਾ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਤੁਸੀਂ ਆਪਣੇ ਮਨੋਭਾਵਾਂ ਦਾ ਪ੍ਰਗਟਾਵਾ ਕਰਦਿਆਂ ਸਮਾਜ ਲਈ ਚੰਗੇ ਸੰਦੇਸ਼ ਦੇ ਸਕਦੇ ਹੋ। ਉਹਨਾਂ ਕਿਹਾ ਕਿ ਰੰਗੋਲੀ ਦੇ ਇਹ ਰੰਗ ਸਾਡੀ ਜਿੰਦਗੀ ਦੇ ਰੰਗਾਂ ਦੀ ਤਰਜਮਾਨੀ ਵੀ ਕਰਦੇ ਹਨ, ਕਿਉਂਕਿ ਹਰ ਇਨਸਾਨ ਦੀ ? ਜਿੰਦਗੀ ਵਿੱਚ ਵੀ ਸਮੇਂ ਦੇ ਅਨੁਸਾਰ ਇਹਨਾਂ ਰੰਗਾਂ ਵਾਂਗ ਬਦਲਾਓ ਰਹਿੰਦਾ ਹੈ। ਉਹਨਾਂ ਕਿਹਾ ਕਿ ਖੁਸੀ, ਗਮੀ, ਉਦਾਸੀ, ਖੇੜਾ, ਹਾਸਾ ਜਿੰਦਗੀ ਦੇ ਰੰਗ ਹੀ ਹਨ। ਇਸ ਰੰਗੋਲੀ ਵਿੱਚ ਭਾਗ ਲੈਣ ਵਿਦਿਆਰਥੀਆਂ ਵਿੱਚੋਂ ਤਰਨਪ੍ਰੀਤ ਸਿੰਘ (ਪੀ.ਜੀ.ਡੀ.ਸੀ) ਨੇ ਪਹਿਲਾ, ਰਮਨਦੀਪ ਕੌਰ (ਬੀ.ਸੀ.ਏ-1) ਨੇ ਦੂਸਰਾ ਸਥਾਨ ਅਤੇ ਮੌਸਮ ਕੁਮਾਰੀ (ਬੀ.ਏ-3) ਨੇ ਤੀਸਰਾ ਸਥਾਨ ਹਾਸਲ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ ਨੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਵਾਦ ਦਿੰਦਿਆਂ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਅਗਲੇ ਮੁਕਾਬਲਿਆਂ ਲਈ ਹੋਰ ਜੋਰ ਸੋਰ ਨਾਲ ਤਿਆਰੀ ਕਰਨ ਲਈ ਪ੍ਰੇਰਿਆ।